# ਸ਼ਬਦ ਬਣਤਰ/ਸੰਰਚਨਾ ਤੇ ਸ਼ਬਦ ਰਚਨਾ

**ਡਾ. ਸਵਾਮੀ ਸਰਬਜੀਤ**

ਵਿਆਕਰਨ ਦੇ ਨਜ਼ਰੀਏ ਤੋਂ 'ਸ਼ਬਦ' ਸਭ ਤੋਂ ਮਹੱਤਵਪੂਰਨ ਇਕਾਈ ਹੈ ਕਿਉਂਕਿ ਸ਼ਬਦ ਹੀ ਭਾਸ਼ਾ–ਵਿਗਿਆਨਕ ਮਹਿਲ ਦੀ ਨੀਂਹ ਬਣਦਾ ਹੈ। ਭਾਸ਼ਾ–ਵਿਗਿਆਨ ਦੇ ਨਜ਼ਰੀਏ ਤੋਂ ਸ਼ਬਦ ਹੀ ਇੱਕ ਅਜਿਹੀ ਵਿਆਕਰਨਕ ਇਕਾਈ ਹੈ ਜਿਸ ਨੂੰ ਆਧਾਰ ਬਣਾ ਕੇ ਭਾਸ਼ਾ ਵਿਗਿਆਨੀਆਂ ਨੇ ਸਭ ਤੋਂ ਵਧੇਰੇ ਵਿਚਾਰ–ਚਰਚਾ ਕੀਤੀ ਹੈ। ਬਲੂਮਫ਼ੀਲਡ ਨੇ ਸ਼ਬਦ ਨੂੰ 'ਭਾਸ਼ਾ ਦੀ ਵਿਅਕਾਰਨਕ ਪੱਧਰ 'ਤੇ ਛੋਟੀ ਤੇ ਛੋਟੀ ਸੁਤੰਤਰ ਇਕਾਈ' (A word is a Minimal free form) ਕਹਿ ਕੇ ਪਰਿਭਾਸ਼ਿਤ ਕੀਤਾ ਹੈ।

'ਸ਼ਬਦ' ਚੌਥੀ ਵਿਆਕਰਨਕ ਇਕਾਈ ਏ। ਸ਼ਬਦ ਇੱਕ ਅਜਿਹੀ ਸਾਰਥਕ ਇਕਾਈ ਹੈ, ਜਿਸ ਦਾ ਨਿਰਮਾਣ ਭਾਵੰਸ਼ਾਂ ਦੇ ਯੋਗ ਤੋਂ ਹੁੰਦਾ ਹੈ ਅਤੇ ਅਗਾਂਹ ਇਹ ਵਾਕ ਵਿੱਚ ਵਾਕੰਸ਼ਾਂ ਦੀ ਰਚਨਾਤਮਕ ਇਕਾਈ ਹੈ। ਇਹ ਵਾਕੰਸ਼ ਤੋਂ ਛੋਟੀ ਅਤੇ ਭਾਵੰਸ਼ ਤੋਂ ਵੱਡੀ ਹੁੰਦੀ ਹੈ। ਇੰਜ ਵਾਕੰਸ਼ ਅਤੇ ਭਾਵੰਸ਼ ਦੇ ਵਿਚਕਾਰ ਵਿਚਰਨ ਵਾਲ਼ੀ ਇਕਾਈ ਨੂੰ 'ਸ਼ਬਦ' ਕਿਹਾ ਜਾਂਦਾ ਹੈ। ਸ਼ਬਦ ਭਾਸ਼ਾ ਦੀ ਸੁਤੰਤਰ ਅਤੇ ਅਰਥਪੂਰਨ ਇਕਾਈ ਹੈ। ਇਹ ਅਜਿਹੀ ਰਚਨਾਤਮਕ ਇਕਾਈ ਹੈ ਜੋ ਵਾਕੰਸ਼ਾਂ ਦੀ ਰਚਨਾ ਕਰਦੀ ਹੈ। ਇਸ ਦੇ ਨਾਲ਼ ਹੀ ਇਹ ਇੱਕ ਰਚਿਤ ਇਕਾਈ ਵੀ ਹੈ ਕਿਉਂਕਿ ਸ਼ਬਦ ਆਪਣੇ ਤੋਂ ਛੋਟੀ ਇਕਾਈ 'ਭਾਵੰਸ਼' ਦੇ ਸੁਮੇਲ ਤੋਂ ਬਣਦੀ ਹੈ।

ਹਰ ਭਾਸ਼ਾ ਦੀ ਸ਼ਬਦਾਵਲੀ ਵਿਚਲੇ ਮੂਲ ਸ਼ਬਦਾਂ ਨੂੰ ਉਨ੍ਹਾਂ ਦੇ ਅਰਥ ਵਿਹਾਰ ਦੇ ਆਧਾਰ 'ਤੇ ਮੁੱਖ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਇਸ ਤਰ੍ਹਾਂ ਸ਼ਬਦ ਦੇ ਸੰਦਰਭਗਤ ਰੂਪ ਵਿੱਚ ਪ੍ਰਮੁੱਖਤ ਦੋ ਭੇਦ ਹਨ :

**(ੳ) ਕੋਸ਼ਗਤ ਸ਼ਬਦ**

ਕੋਸ਼ਗਤ ਸ਼ਬਦ ਉਹ ਹੁੰਦੇ ਹਨ ਜਿਹੜੇ ਕੋਸ਼ਾਂ ਵਿੱਚ ਇੰਦਰਾਜਾਂ ਦੇ ਤੌਰ 'ਤੇ ਮੁਢਲੀ ਇਕਾਈ ਵਜੋਂ ਦਰਜ ਕੀਤੇ ਜਾਂਦੇ ਹਨ।

ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਕੋਸ਼ ਵਿੱਚ ਦਰਜ ਕਰਨ ਲਈ ਮੁਢਲੀ ਇਕਾਈ ਵਜੋਂ ਲਿਆ ਜਾਂਦਾ ਹੈ।

ਜਾਂ ਕੋਸ਼ਗਤ ਸ਼ਬਦ, ਉਹ ਸ਼ਬਦ ਜੋ ਕੋਸ਼/ਡਿਕਸ਼ਨਰੀ ਵਿੱਚ ਇੱਕ ਇਕਾਈ ਦੇ ਤੌਰ 'ਤੇ ਦਰਜ ਹੈ। ਜਿਸ ਨੂੰ ਉਸੇ ਤਰ੍ਹਾਂ ਹੀ ਸਮਝਿਆ ਜਾਂਦਾ ਹੈ। ਇਸ ਦੇ ਅਰਥ ਵੀ ਉਸੇ ਤਰ੍ਹਾਂ ਹੀ ਮੰਨੇ ਜਾਂਦੇ ਹਨ। ਜਿਵੇਂ ਮੁੰਡਾ (ਇੱਕ ਵਚਨ, ਪੁਲਿੰਗ), ਹਾਥੀ (ਇੱਕ ਵੱਡਾ ਜੰਗਲੀ ਜਾਨਵਰ) ਆਦਿ।

ਕੋਸ਼ਕ ਸ਼ਬਦਾਂ ਵਿੱਚ ਨਾਂਵ, ਵਿਸ਼ੇਸ਼ਣ, ਕਿਰਿਆ ਅਤੇ ਕਿਰਿਆ ਵਿਸ਼ੇਸ਼ਣ ਸ਼ਾਮਿਲ ਹੁੰਦੇ ਹਨ। ਇਹ ਖੁੱਲ੍ਹੇ ਜਾਂ ਅਸੀਮਿਤ ਸ਼ਬਦ ਪ੍ਰਬੰਧ ਦੇ ਮੈਂਬਰ ਹੁੰਦੇ ਹਨ। ਇਨ੍ਹਾਂ ਦੀ ਸੂਚੀ ਵਿੱਚ ਵਾਧਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਚੰਡੀਗੜ੍ਹ, ਇੱਟ, ਸ਼ੇਰ, ਸੋਹਣਾ, ਸੁਨੱਖਾ, ਕਰ, ਜਾ, ਤੇਜ਼, ਹੌਲ਼ੀ ਆਦਿ ਸਭ ਕੋਸ਼ਗਤ ਸ਼ਬਦ ਹਨ।

**(ਅ) ਵਿਆਕਰਨਕ ਸ਼ਬਦ**

ਹਰ ਭਾਸ਼ਾ ਵਿੱਚ ਵਿਆਕਰਨਕ ਸ਼ਬਦ ਬੰਦ ਜਾਂ ਸੀਮਿਤ ਸ਼ਬਦ ਪ੍ਰਬੰਧ ਨਾਲ਼ ਸਬੰਧਤ ਹੁੰਦੇ ਹਨ ਅਰਥਾਤ ਇਨ੍ਹਾਂ ਦੀ ਸੂਚੀ ਸੀਮਿਤ ਹੁੰਦੀ ਹੈ। ਇਨ੍ਹਾਂ ਵਿੱਚ ਪੜਨਾਂਵ, ਸਬੰਧਕ, ਯੋਜਕ, ਵਿਸਮਿਕ, ਨਿਪਾਤ ਅਤੇ ਸਹਾਇਕ ਕਿਰਿਆਵਾਂ ਸ਼ਾਮਿਲ ਹੁੰਦੀਆਂ ਹਨ। ਇਨ੍ਹਾਂ ਦੀ ਸੂਚੀ ਵਿੱਚ ਵਾਧਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਵਿਅਕਾਰਨਕ ਸ਼ਬਦਾਂ ਦੀ ਸੂਚੀ ਵਿੱਚ ਇੱਕ–ਅੱਧ ਸ਼ਬਦ ਦੇ ਵਾਧੇ ਲਈ ਕਈ ਸਦੀਆਂ ਲੱਗ ਜਾਂਦੀਆਂ ਹਨ। ਪੰਜਾਬੀ ਭਾਸ਼ਾ ਵਿੱਚ ਇਨ੍ਹਾਂ ਦੀ ਗਿਣਤੀ ਦੋ ਕੁ ਸੌ ਦੇ ਕਰੀਬ ਹੈ।

ਵਿਆਕਰਨਕ ਸ਼ਬਦ ਅਜਿਹੇ ਸਧਾਰਨ ਸ਼ਬਦ ਹੁੰਦੇ ਹਨ ਜੋ ਸੁਤੰਤਰ ਗ਼ੈਰ–ਧਾਤੂਆਂ ਰਾਹੀਂ ਸਿਰਜੇ ਜਾਂਦੇ ਹਨ। ਇਹ ਸ਼ਬਦ ਸੁਤੰਤਰ ਤਾਂ ਹੁੰਦੇ ਹਨ ਪਰ ਇਨ੍ਹਾਂ ਦੇ ਸੁਤੰਤਰ ਰੂਪ ਵਿੱਚ ਅਰਥ ਨਹੀਂ ਹੁੰਦੇ। ਜਿਵੇਂ ਕਿ ਸਬੰਧਕ, ਯੋਜਕ, ਦਬਾਅ ਬੋਧਕ, ਨਾਂਹ ਵਾਚਕ, ਅੰਕ, ਨੇ, ਨੂੰ, ਜੋ, ਅਤੇ, ਹੀ ਆਦਿ ਵਿਆਕਰਨਕ ਸ਼ਬਦ ਹਨ।

## ਰੂਪ ਵਿਗਿਆਨ (Morphology)

ਰੂਪ ਵਿਗਿਆਨ ਸ਼ਬਦਾਂ ਦੀ ਅੰਦਰੂਨੀ ਬਣਤਰ ਨਾਲ਼ ਸਬੰਧਤ ਹੈ। ਧੁਨੀ ਤੋਂ ਰੂਪ ਭਾਵ ਸ਼ਬਦ ਕਿਵੇਂ ਸਿਰਜੇ ਜਾਂਦੇ ਹਨ, ਰੂਪ ਵਿਗਿਆਨ ਦਾ ਅਧਿਐਨ ਖੇਤਰ ਹੈ। ਰੂਪ–ਵਿਗਿਆਨ ਦਾ ਵਿਚਾਰ ਬਿੰਦੂ ਇੱਕ ਖ਼ਾਸ ਕਿਸਮ ਦੇ ਸੂਤਰਾਂ ਅਤੇ ਨਿਯਮਾਂ ਦੀ

Dr. Swami Sarabjeet

ਸਥਾਪਨਾ ਕਰਨਾ ਹੈ। ਇਸ ਪ੍ਰਕਾਰ ਰੂਪ ਵਿਗਿਆਨ ਭਾਸ਼ਾ ਦੀ ਅਜਿਹੀ ਇੱਕ ਮਹੱਤਵਪੂਰਨ ਸ਼ਾਖਾ ਹੈ ਜਿਸ ਵਿੱਚ ਸ਼ਬਦਾਂ ਦੀ ਬਣਤਰ ਤੋਂ ਇਲਾਵਾ ਸ਼ਬਦ ਦੀ ਰੂਪ ਰਚਨਾ ਦਾ ਵੀ ਅਧਿਐਨ ਕੀਤਾ ਜਾਂਦਾ ਹੈ। ਨਾਈਡਾ ਨੇ ਰੂਪ ਵਿਗਿਆਨ ਨੂੰ ਸ਼ਬਦ–ਨਿਰਮਾਣ ਦਾ ਵਿਗਿਆਨ ਮੰਨਿਆ ਹੈ। ਇਸ ਵਿੱਚ ਸ਼ਬਦ ਦੇ ਵਿਭਿੰਨ ਪੱਖਾਂ ਜਿਵੇਂ ਸ਼ਬਦ, ਭਾਵੰਸ਼, ਧਾਤੂ, ਅਗੇਤਰ, ਪਿਛੇਤਰ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਰੂਪ ਵਿਗਿਆਨ ਦੇ ਪ੍ਰਮੁੱਖਤ ਦੋ ਭਾਗ ਹਨ :

1. ਸ਼ਬਦ ਬਣਤਰ ਜਾਂ ਸ਼ਬਦ ਸੰਰਚਨਾ (Word Structure)

2. ਸ਼ਬਦ ਰਚਨਾ (Word Formation)

**1. ਸ਼ਬਦ ਬਣਤਰ ਜਾਂ ਸ਼ਬਦ ਸੰਰਚਨਾ (Word Structure) :** ਸ਼ਬਦ ਸੰਰਚਨਾ ਵਿੱਚ ਸ਼ਬਦਾਂ ਦੀ ਅੰਦਰੂਨੀ ਬਣਤਰ ਦਾ ਅਧਿਐਨ ਕੀਤਾ ਜਾਂਦਾ ਹੈ। ਭਾਵ ਧੁਨੀਆਂ ਤੋਂ ਸ਼ਬਦਾਂ ਦਾ ਸਿਰਜਣ ਕਿਵੇਂ ਹੁੰਦਾ ਹੈ ? ਇਹ ਸ਼ਬਦਾਂ ਦੀ ਬਣਤਰ ਨੂੰ ਸਮਝਣ ਸਬੰਧੀ ਸਿਧਾਂਤਕ ਚੌਖਟਾ ਪ੍ਰਦਾਨ ਕਰਦਾ ਹੈ। ਸ਼ਬਦ ਸੰਰਚਨਾ ਨਾਲ਼ ਜੁੜੇ ਹਰੇਕ ਪਹਿਲੂ ਜਿਵੇਂ ਕਿ ਧਾਤੂ ਕੀ ਹੈ ?, ਮੂਲਾਂਸ਼ ਕੀ ਹੈ ? ਵਧੇਤਰ ਕੀ ਹਨ ? ਇਸ ਵਿੱਚ ਪ੍ਰਚਲਿਤ ਅਤੇ ਪ੍ਰਾਪਤ ਸ਼ਬਦਾਂ ਦੀ ਅੰਦਰੂਰਨੀ ਸੰਰਚਨਾ ਦੀ ਪਰਖ–ਪੜਚੋਲ ਕਰ ਕੇ ਉਨ੍ਹਾਂ ਵਿੱਚ ਕਾਰਜਸ਼ੀਲ ਨਿਯਮਾਂ ਤੇ ਪੈਟਰਨਾਂ ਦਾ ਨਿਰਧਾਰਨ ਕੀਤਾ ਜਾਂਦਾ ਹੈ। ਇਸ ਸੰਦਰਭ ਵਿੱਚ ਜੋ ਸੰਕਲਪੀ ਸ਼ਬਦ ਵਰਤੋਂ ਵਿੱਚ ਆਉਂਦੇ ਹਨ ਉਨ੍ਹਾਂ ਵਿੱਚੋਂ ਇਹ ਪ੍ਰਮੁੱਖ ਹਨ :

- ✓ **ਧਾਤੂ (Root) :** ‘ਧਾਤੂ’ ਸ਼ਬਦ ਦਾ ਉਹ ਬਚਿਆ ਹੋਇਆ ਹਿੱਸਾ ਜਾਂ ਅੰਸ਼ ਹੈ ਜਦੋਂ ਉਸ ਨਾਲ਼ੋਂ ਸਾਰੇ ਵਿਭਕਤੀ–ਮੂਲਕ ਵਧੇਤਰ ਅਤੇ ਵਿਉਤਪਤ ਪਿਛੇਤਰ ਹਟਾ ਦਿੱਤੇ ਜਾਣ। ਇਸ ਤੋਂ ਇਲਾਵਾ ‘ਧਾਤੂ’ ਸ਼ਬਦ ਦਾ ਉਹ ਅੰਤਿਮ ਖੰਡ ਹੈ ਜਿਸ ਦਾ ਹੋਰ ਅੱਗੇ ਖੰਡੀਕਰਣ (Segmentation) ਨਹੀਂ ਕੀਤਾ ਜਾ ਸਕਦਾ ਅਤੇ ਇਸ ਨੂੰ ਹੋਰ ਨਿੱਕੇ ਸਾਰਥਕ ਟੋਟਿਆਂ ਵਿੱਚ ਵੰਡਿਆ ਨਹੀਂ ਜਾ ਸਕਦਾ। ਜਿਵੇਂ ਕਿ ਸ਼ਬਦ ‘ਨਿਹਚਲਤਾ’ ਨਿਹ+ਚਲ+ਤਾ ਵਿੱਚੋਂ ਜਦੋਂ ਸਾਰੇ ਵਧੇਤਰ ( ‘ਨਿਹ’ ਅਗੇਤਰ ਅਤੇ ‘ਤਾ’ ਪਿਛੇਤਰ) ਹਟਾ ਦਿੱਤੇ ਜਾਣ ਤਾਂ ਜੋ ਬਕਾਇਆ ਅੰਸ਼ ਜਾਂ ਖੰਡ (‘ਚਲ’) ਬਚਦਾ ਹੈ ਉਹੀ ‘ਚਲ’ ਧਾਤੂ ਹੈ।
- ✓ **ਮੂਲਾਂਸ਼ (Stem) :** ਧਾਤੂ ਤੋਂ ਬਾਅਦ ਇਸ ਲੜੀ ਦਾ ਦੂਜਾ ਪਰਿਭਾਸ਼ਕ (ਸੰਕਲਪੀ) ਸ਼ਬਦ ਮੂਲਾਂਸ਼ ਹੈ। ਮੂਲਾਂਸ਼ ਬਾਰੇ ਉਦੋਂ ਹੀ ਚਰਚਾ ਕੀਤੀ ਜਾਂਦੀ ਹੈ ਜਦੋਂ ਵਿਭਕਤੀ–ਮੂਲਕ ਰੂਪ ਵਿਗਿਆਨ (Inflectional Morphology) ਦਾ ਅਧਿਐਨ ਕੀਤਾ ਜਾਂਦਾ ਹੈ। ਮੂਲਾਂਸ਼ ਸ਼ਬਦ–ਰੂਪ ਦਾ ਉਹ ਬਕਾਇਆ ਹਿੱਸਾ ਹੈ ਜਦੋਂ ਇਸ ਨਾਲ਼ੋਂ ਵਿਭਕਤੀ–ਵਧੇਤਰ ਹਟਾ ਲਏ ਜਾਂਦੇ ਹਨ। ਇੱਥੇ ਇਹ ਵਰਨਣਯੋਗ ਹੈ ਕਿ ਮੂਲਾਂਸ਼ ਨਾਲ਼ ਵਿਭਕਤੀ ਵਧੇਤਰ (Inflectational affixes) ਜੁੜਦੇ ਹਨ ਪਰ ਧਾਤੂ ਨਾਲ਼ ਵਿਉਪਤ ਵਧੇਤਰ (Derivational affixes) ਜੁੜਦੇ ਹਨ। ਮਿਸਾਲ ਦੇ ਤੌਰ ’ਤੇ ਪੰਜਾਬੀ ਸ਼ਬਦ ‘ਅਣਪਚੀਆਂ’ ਵਿੱਚ ‘ਅਣਪਚ’ ਮੂਲਾਂਸ਼ ਹੈ ਜਿਸ ਨਾਲ਼ ਬਹੁਵਚਨੀ ਵਿਭਕਤੀ (ਰੂਪਾਂਤਰੀ) ਪਿਛੇਤਰ ‘ਈਆਂ’ ਜੁੜਿਆ ਹੈ। ‘ਅਣਪਚ’ ਮੂਲਾਂਸ਼ ਵਿੱਚ ‘ਅਣ’ ਵਿਉਤਪਤ ਅਗੇਤਰ ਹੈ ਅਤੇ ‘ਪਚ’ ਧਾਤੂ ਹੈ। ਇਸ ਪ੍ਰਕਾਰ ਧਾਤੂ+ਵਧੇਤਰ ਦੇ ਜੋੜ ਤੋਂ ‘ਅਣਪਚ’ ਮੂਲਾਂਸ਼ ਦੀ ਸਿਰਜਣਾ ਹੋਈ ਹੈ ਜਿਸ ਨਾਲ਼ ਵਿਭਕਤੀ ਪਿਛੇਤਰ ‘ਈਆਂ’ ਜੁੜਿਆ ਹੈ। ਇਸੇ ਤਰ੍ਹਾਂ ‘ਧਰਮ’ ਇੱਕ ਧਾਤੂ ਹੈ ਪਰ ਧਰਮ+ਇਕ ਤੋਂ ਬਣਿਆ ਸ਼ਬਦ ‘ਧਾਰਮਿਕ’ ਮੂਲਾਂਸ਼ ਹੈ ਜਦੋਂ ਇਸ ਨਾਲ਼ ‘–ਤਾ’ ਵਿਉਤਪਤ ਪਿਛੇਤਰ ਜੋੜ ਕੇ ‘ਧਾਰਮਿਕਤਾ’ ਬਣਾਇਆ ਜਾਵੇਗਾ।
- ✓ **ਵਧੇਤਰ (Affixes) :** ਸ਼ਬਦ ਰਚਨਾ ਵਿੱਚ ਕਾਰਜਸ਼ੀਲ ‘ਰਚੇਤਰਾਂ’ (formatives) ਦੀਆਂ ਵੱਖ ਵੱਖ ਕਿਸਮਾਂ ਲਈ ਸਰਬ–ਸਾਂਝਾ ਸਮੂਹਿਕ ਨਾਮ ‘ਵਧੇਤਰ’ ਹੈ। ਵਧੇਤਰ ਸਦਾ ਪਰ–ਨਿਰਭਰ ਹੀ ਰਹਿੰਦੇ ਹਨ, ਸੁਤੰਤਰ ਨਹੀਂ ਹੁੰਦੇ। ਸ਼ਬਦ ਰਚਨਾ ਦੀ ਪ੍ਰਕਿਰਿਆ ਦੌਰਾਨ ਵਧੇਤਰਾਂ ਦੀ ਵਰਤੋਂ ਧਾਤੂ ਜਾਂ ਮੂਲਾਂਸ਼ ਨਾਲ਼ ਹੀ ਸੰਭਵ ਹੈ।

ਵਧੇਤਰ ਹਰ ਭਾਸ਼ਾ ਵਿੱਚ ਸੀਮਿਤ ਹੀ ਹੁੰਦੇ ਹਨ ਕਿਉਂਕਿ ਵਧੇਤਰ ਸ਼ਬਦਾਂ ਦੀ ਬੰਦ–ਸ਼ਰੇਣੀ ਨਾਲ਼ ਸਬੰਧਤ ਹੁੰਦੇ ਹਨ ਜਿੱਥੇ ਨਵੇਂ ਨਵੇਂ ਵਧੇਤਰ ਪੈਦਾ ਹੋਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ।

ਵਧੇਤਰਾਂ ਨੂੰ ਆਮ ਤੌਰ ’ਤੇ ਤਿੰਨ ਪ੍ਰਕਾਰਾਂ ਵਿੱਚ ਵੰਡਿਆ ਜਾਂਦਾ ਹੈ। ਧਾਤੂ/ਮੂਲਾਸ਼ ਦੀ ਮੁਢਲੀ ਸਥਿਤੀ ਵਿੱਚ ਸੰਯੁਕਤ ਹੋਣ ਵਾਲ਼ੇ **‘ਅਗੇਤਰ’** ਹੁੰਦੇ ਹਨ ਜਿਵੇਂ ‘ਨਿਡਰ’ ਵਿੱਚ ‘ਨਿ’ ਅਗੇਤਰ ਹੈ।

ਇਸੇ ਤਰ੍ਹਾਂ ਅੰਤਲੀ ਸਥਿਤੀ ਵਿੱਚ ਜੁੜਨ ਵਾਲ਼ੇ ਪਿਛੇਤਰ ਹੁੰਦੇ ਹਨ ਜਿਵੇਂ ਕਿ ‘ਸ਼ੁਰੂਆਤ’ ਵਿੱਚ ‘ਆਤ’ **ਪਿਛੇਤਰ** ਹੈ।

ਜਿਹੜੇ ਵਧੇਤਰ ਧਾਤੂ/ਮੂਲਾਸ਼ ਦੇ ਅੰਤਰਗਤ ਵਾਪਰਦੇ ਹਨ ਉਨ੍ਹਾਂ ਨੂੰ **ਮਧੇਤਰ** ਕਿਹਾ ਜਾਂਦਾ ਹੈ।

Dr. Swami Sarabjeet

**ਸ਼ਬਦ ਬਣਤਰ/ਸੰਰਚਨਾ ਦੀ ਦ੍ਰਿਸ਼ਟੀ ਤੋਂ ਸ਼ਬਦ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾਂਦਾ ਹੈ :**

**(ੳ) ਸਧਾਰਨ ਸ਼ਬਦ :** ਸੁਤੰਤਰ ਧਾਤੂਆਂ ਤੋਂ ਸਿਰਜੇ ਗਏ ਸ਼ਬਦ ਨੂੰ ਸਧਾਰਨ ਸ਼ਬਦ ਆਖਦੇ ਹਨ। ਸਧਾਰਨ ਸ਼ਬਦਾਂ ਦੀ ਰਚਨਾ ਇਕਹਿਰੇ ਧਾਤੂ ਰਾਹੀਂ ਹੁੰਦੀ ਹੈ ਅਰਥਾਤ ਇਹ ਵਧੇਤਰ ਮੁਕਤ ਹੁੰਦੇ ਹਨ। ਸਧਾਰਨ ਸ਼ਬਦ ਅਜਿਹੇ ਸੁਤੰਤਰ ਧਾਤੂ ਹੁੰਦੇ ਹਨ ਜੋ ਭਾਸ਼ਾ ਵਿੱਚ ਸੁਤੰਤਰ ਰੂਪ ਵਿੱਚ ਅਰਥ ਪ੍ਰਦਾਨ ਕਰਨ ਦੇ ਸਮਰੱਥ ਹੁੰਦੇ ਹੋਣ। ਜਿਵੇਂਕਿ ਕਰ, ਉੱਠ, ਪੀ, ਜਾ, ਲੈ, ਬੱਚਾ, ਮਨੁੱਖ, ਕੁੜੀ, ਘਰ, ਕਾਲ਼ਾ, ਲਾਲ, ਜਾ, ਕਰ, ਪੜ੍ਹ, ਤੇਜ਼ ਆਦਿ ਸੁਤੰਤਰ ਧਾਤੂ ਤੋਂ ਸਿਰਜੇ ਗਏ ਸਧਾਰਨ ਸ਼ਬਦ ਹਨ।

**(ਅ) ਮਿਸ਼ਰਤ ਸ਼ਬਦ :** ਕਈ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਧਾਤੂ ਨਾਲ਼ 'ਅਗੇਤਰ' ਜਾਂ 'ਪਿਛੇਤਰ' ਜੋੜ ਕੇ ਸ਼ਬਦਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਨੂੰ ਮਿਸ਼ਰਤ ਸ਼ਬਦ ਕਿਹਾ ਜਾਂਦਾ ਹੈ। ਜਿਵੇਂ ਕਿ

ਕਰਦਾ – ਕਰ+ਦਾ; ਮਰਦਾ – ਮਰ+ਦਾ; ਜਾਣ – ਜਾ+ਣ

ਇਨ੍ਹਾਂ ਸ਼ਬਦਾਂ ਵਿੱਚ ਮੂਲ ਸ਼ਬਦ ਨਾਲ਼ ਪਿਛੇਤਰ ਜੋੜ ਕੇ ਨਵੇਂ ਸ਼ਬਦਾਂ ਦਾ ਨਿਰਮਾਣ ਕਰ ਲਿਆ ਜਾਂਦਾ ਹੈ। ਇਹ ਮਿਸ਼ਰਤ ਸ਼ਬਦ ਹੁੰਦੇ ਹਨ। ਮਿਸ਼ਰਤ ਸ਼ਬਦਾਂ ਦੀ ਰਚਨਾ ਧਾਤੂ+ਵਧੇਤਰਾਂ ਦੇ ਸੰਯੋਗ ਨਾਲ਼ ਹੁੰਦੀ ਹੈ। ਜਿਵੇਂ ਕਿ ਮਨੁੱਖ ਤੋਂ ਮਨੁੱਖਤਾ, ਘਰ ਤੋਂ ਘਰੇਲੂ, ਦੁਕਾਨ ਤੋਂ ਦੁਕਾਨਦਾਰ, ਨੇਕ ਤੋਂ ਨੇਕੀ ਆਦਿ। ਇਸੇ ਤਰ੍ਹਾਂ ਸਾਂਝੀਵਾਲਤਾ, ਅਣਸੁਖਾਵਾਂਪਣ, ਅਪਰਵਰਤਨਸ਼ੀਲਤਾ ਆਦਿ ਸ਼ਬਦਾਂ ਦੀ ਰਚਨਾ ਇਕਹਿਰੇ ਧਾਤੂ+ਇੱਕ ਤੋਂ ਵਧੇਰੇ ਵਧੇਤਰਾਂ ਦੇ ਸੰਯੋਗ ਨਾਲ਼ ਹੁੰਦੀ ਹੈ। ਪੰਜਾਬੀ ਭਾਸ਼ਾ ਵਿੱਚ ਇਹ ਉਪਰੋਕਤ ਸ਼ਬਦ ਤੋਂ ਇਲਾਵਾ ਸਪੁੱਤਰ, ਕਪੁੱਤਰ, ਉਪਬੋਲੀ, ਭਾਸ਼ਾਈ, ਮੁੰਡੇ, ਕੁੜੀਆਂ, ਕਰੋ, ਭਰੋ, ਜਾਓ, ਖਾਓ ਆਦਿ ਮਿਸ਼ਰਤ ਸ਼ਬਦ ਹਨ।

**(ੲ) ਸੰਯੁਕਤ ਸ਼ਬਦ ਜਾਂ ਸਮਾਸੀ ਸ਼ਬਦ :** ਸਮਾਸੀ ਸ਼ਬਦ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਰਚਨਾ ਸਮਾਸ ਪ੍ਰਕਿਰਿਆ ਅਨੁਸਾਰ ਦੋ ਕੋਸ਼ਕ ਸ਼ਬਦਾਂ ਨੂੰ ਪ੍ਰਗਟਾਉਂਦੇ ਧਾਤੂ ਰੂਪਾਂ ਦੇ ਸੰਯੋਗ ਤੋਂ ਹੁੰਦੀ ਹੈ। ਬਹੁਤੇ ਸਮਾਸੀ ਸ਼ਬਦ ਦੋ ਧਾਤੂ ਰੂਪਾਂ ਦੇ ਆਪਸੀ ਮੇਲ ਤੋਂ ਹੀ ਹੋਂਦ ਵਿੱਚ ਆਉਂਦੇ ਹਨ ਪਰ ਤਿੰਨ ਰੂਪਾਂ ਤੋਂ ਬਣੇ ਸਮਾਸੀ ਸ਼ਬਦ ਵੀ ਮਿਲਦੇ ਹਨ। ਇਸ ਤੋਂ ਇਲਾਵਾ ਕਈ ਸਮਾਸੀ ਸ਼ਬਦ ਅਜਿਹੇ ਰੂਪਾਂ ਦੇ ਮੇਲ ਤੋਂ ਵੀ ਬਣਦੇ ਹਨ ਜਿਨ੍ਹਾਂ ਦੇ ਅੱਡ ਅੱਡ ਆਪਣੇ ਕੋਈ ਅਰਥ ਨਹੀਂ ਹੁੰਦੇ ਜਾਂ ਦੋਹਾਂ ਵਿੱਚੋਂ ਇੱਕ ਹਿੱਸਾ ਨਿਰਾਰਥਕ ਹੁੰਦਾ ਹੈ।

- ਭੰਨ+ਘੜ੍ਹ (ਭੰਨਘੜ੍ਹ), ਅਖੰਡ+ਪਾਠ (ਅਖੰਡਪਾਠ), ਲੋਕ+ਰਾਜ (ਲੋਕਰਾਜ)
- ਹੱਥ ਹੱਥ, ਗਲ਼ ਗਲ਼, ਮੰਗ ਮੰਗ, ਵਾਰ ਵਾਰ
- ਸਿਰੋ–ਸਿਰ, ਸ਼ਹਿਰੋ–ਸ਼ਹਿਰ, ਘਰੋ–ਘਰੀਂ, ਰਾਹੇ–ਰਾਹ
- ਹੱਥ–ਪੜੱਥੀ, ਪਾਟਾ–ਛੀਟਾ, ਪਾਣੀ–ਧਾਣੀ,
- ਸਰਬ+ਸ਼ਕਤੀ+ਮਾਨ (ਸਰਬਸ਼ਕਤੀਮਾਨ), ਆਪਹੁਦਰਾਪਣ (ਆਪਹੁਦਰਾਪਣ)

  ਲੋਕਸਭਾ – ਲੋਕ+ਸਭਾ; ਘੋੜਸਵਾਰ – ਘੋੜ+ਸਵਾਰ

ਸੰਯੁਕਤ ਸ਼ਬਦ ਵਿੱਚ ਧਾਤੂ ਸੁਤੰਤਰ ਵੀ ਹੋ ਸਕਦੇ ਹਨ ਅਤੇ ਬੰਧੇਜੀ ਧਾਤੂ ਵੀ। ਜਿਵੇਂ 'ਲੋਕਸਭਾ' ਵਿੱਚ 'ਲੋਕ' ਵੀ ਸੁਤੰਤਰ ਧਾਤੂ ਹੈ ਅਤੇ 'ਸਭਾ' ਵੀ ਪਰ 'ਘੋੜਸਵਾਰ' ਵਿੱਚ 'ਘੋੜ' ਬੰਧੇਜੀ ਧਾਤੂ ਹੈ ਅਤੇ 'ਸਵਾਰ' ਸੁਤੰਤਰ ਧਾਤੂ।

**2. ਸ਼ਬਦ ਰਚਨਾ (Word Formation) :** ਸ਼ਬਦ ਬਣਤਰ/ਸੰਰਚਨਾ ਦੁਆਰਾ ਸਿਧਾਂਤਕ ਰੂਪ ਵਿੱਚ ਸ਼ਬਦ ਬਣਨ ਸਬੰਧੀ ਜੋ ਨਿਯਮ ਅਤੇ ਪੈਟਰਨਾਂ ਦਾ ਨਿਰਧਾਰਨ ਹੋਇਆ ਮਿਲਦਾ ਹੈ, ਉਸ ਅਨੁਸਾਰੀ ਸ਼ਬਦ ਰਚਣ ਨੂੰ ਸ਼ਬਦ ਰਚਨਾ ਦੇ ਸਿਰਲੇਖ ਅਧੀਨ ਵਿਵਹਾਰਕ ਰੂਪ ਵਿੱਚ ਲਾਗੂ ਕੀਤਾ ਜਾਂਦਾ ਹੈ ਜਾਂ ਲਾਗੂ ਹੋਇਆ ਦਿਖਾਇਆ ਜਾਂਦਾ ਹੈ। ਇਸ ਵਿੱਚ ਰੂਪਾਤਮਕ ਨਿਯਮਾਵਲੀ ਨੂੰ ਲਾਗੂ ਕਰ ਕੇ ਨਵੇਂ ਨਵੇਂ ਸ਼ਬਦਾਂ ਦੀ ਰਚਨਾ ਕਰਨਾ ਅਤੇ ਉਨ੍ਹਾਂ ਦੀਆਂ ਸ਼ਰੇਣੀਆਂ ਦਾ ਨਿਰਧਾਰਨ ਕਰਨਾ ਹੁੰਦਾ ਹੈ। ਸ਼ਬਦ ਰਚਨਾ ਦੇ ਕਈ ਆਧਾਰ ਹਨ ਜਿਨ੍ਹਾਂ ਵਿੱਚੋਂ ਕੁਝ–ਇੱਕ ਨੂੰ ਨਿਮਲਿਖਿਤ ਵਿਚਾਰਿਆ ਜਾ ਰਿਹਾ ਹੈ :

2.1. ਵਿਉਂਤਪਤ ਸ਼ਬਦ ਰਚਨਾ

2.2. ਰੂਪਾਂਤਰੀ ਸ਼ਬਦ ਰਚਨਾ

2.3. ਸਮਾਸੀ ਸ਼ਬਦ ਰਚਨਾ

Dr. Swami Sarabjeet

**2.1. ਵਿਉਂਤਪਤ ਸ਼ਬਦ ਰਚਨਾ :** ਵਿਉਂਤਪਤ ਸ਼ਬਦ ਰਚਨਾ ਵਿੱਚ ਕਿਸੇ ਇੱਕ ਸ਼ਬਦ ਤੋਂ ਦੂਸਰਾ ਸ਼ਬਦ ਵਿਉਂਤਪਤ ਕਰ ਲਿਆ ਜਾਂਦਾ ਹੈ ਭਾਵ ਇੱਕ ਧਾਤੂ ਜਾਂ ਮੂਲਾਂਸ਼ ਨਾਲ਼ ਅਗੇਤਰ ਪਿਛੇਤਰ ਲਗਾ ਕੇ ਨਵੇਂ ਸ਼ਬਦ ਵਿਉਤਪਤ ਕਰ ਲਏ ਜਾਂਦੇ ਹਨ ਜਿਵੇਂ 'ਲੜ' ਤੋਂ 'ਲੜਾ' ਤੇ 'ਲੜਾ' ਤੋਂ 'ਲੜਾਈ' ਵਿਉਤਪਤ ਸ਼ਬਦ ਸਿਰਜਣਾ ਦੇ ਨਮੂਨੇ ਹਨ।

(ੳ) ਕਿਰਿਆ ਤੋਂ ਨਾਂਵ

ਕਰ ਤੋਂ ਕਰਮ; ਚਲ ਤੋਂ ਚਾਲ

(ਅ) ਨਾਂਵ ਤੋਂ ਵਿਸ਼ੇਸ਼ਣ

ਤਿਆਗ ਤੋਂ ਤਿਆਗੀ; ਲੁੱਟ ਤੋਂ ਲੋਟੂ; ਖੋਜ ਤੋਂ ਖੋਜੀ

(ੲ) ਨਾਂਵ ਤੋਂ ਕਿਰਿਆ

ਕਰ ਤੋਂ ਕਰਨਾ; ਤੋਰ ਤੋਂ ਤੁਰਨਾ; ਖੋਜ ਤੋਂ ਖੋਜਣਾ

ਇਸੇ ਤਰ੍ਹਾਂ ਨਿਮਨਲਿਖਿਤ ਸ਼ਬਦਾਂ ਨੂੰ ਵੀ ਵਿਉਂਤਪਤ ਸ਼ਬਦਾਂ ਦੇ ਵਰਗਾਂ ਵਿੱਚ ਰੱਖਿਆ ਜਾਵੇਗਾ :

ਕਰ+ਮ =ਕਰਮ; ਦਸਤ+ਕਾਰੀ = ਦਸਤਕਾਰੀ; ਦਸਤ+ਖ਼ਤ= ਦਸਤਖ਼ਤ

ਵਿਉਤਪਤ ਅਗੇਤਰ ਤੇ ਪਿਛੇਤਰ ਨੂੰ ਅੱਗੋਂ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ :

**(ੳ) ਸ਼ਰੇਣੀ ਬਦਲੂ :** ਜਦੋਂ ਵਿਉਤਪਤ ਸ਼ਬਦਾਂ ਦੀ ਰਚਨਾ ਸਮੇਂ ਧਾਤੂ ਜਾਂ ਮੂਲ ਸ਼ਬਦ ਦੀ ਸ਼ਰੇਣੀ ਤਬਦੀਲ ਹੋ ਜਾਂਦੀ ਤਾਂ ਅਜਿਹੇ ਸ਼ਬਦਾਂ ਨੂੰ 'ਸ਼ਰੇਣੀ ਬਦਲੂ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ ਕਿ

ਗੁਣ ਤੋਂ ਨਿਰਗੁਣ; ਪੜ੍ਹ ਤੋਂ ਅਨਪੜ੍ਹ; ਆਰਾਮ ਤੋਂ ਬੇਆਰਾਮ ਆਦਿ।

**(ਅ) ਸ਼ਰੇਣੀ ਰੱਖਿਅਕ :** ਜਦੋਂ ਵਿਉਤਪਤ ਸ਼ਬਦਾਂ ਦੀ ਰਚਨਾ ਸਮੇਂ ਧਾਤੂ ਜਾਂ ਮੂਲ ਦੀ ਸ਼ਰੇਣੀ ਸਥਿਰ ਰਹਿੰਦੀ ਹੈ ਭਾਵ ਉਸ ਵਿੱਚ ਤਬਦੀਲੀ ਨਹੀਂ ਵਾਪਰਦੀ ਅਜਿਹੇ ਸ਼ਬਦਾਂ ਨੂੰ 'ਸ਼ਰੇਣੀ ਰੱਖਿਅਕ ਸ਼ਬਦ' ਆਖਦੇ ਹਨ। ਜਿਵੇਂ ਕਿ

ਲਿਖ ਤੋਂ ਲਿਖਦਾ, ਲਿਖਦੇ, ਲਿਖਦੀ, ਲਿਖਦੀਆਂ, ਲਿਖਣਗੇ, ਲਿਖਾਂਗੇ, ਲਿਖਵਾਵਾਂਗੇ।

ਪੜ੍ਹ ਤੋਂ ਪੜ੍ਹਦਾ, ਪੜ੍ਹਦੇ, ਪੜ੍ਹਦੀ, ਪੜ੍ਹਦੀਆਂ, ਪੜ੍ਹਨਗੇ, ਪੜ੍ਹਾਂਗੇ, ਪੜ੍ਹਾਵਾਂਗੇ।

**2.2. ਰੂਪਾਂਤਰੀ ਸ਼ਬਦ ਰਚਨਾ :** ਰੂਪਾਂਤਰੀ ਸ਼ਬਦ ਰਚਨਾ ਵਿੱਚ ਇੱਕ ਸ਼ਬਦ ਤੋਂ ਕੋਈ ਦੂਸਰਾ ਸ਼ਬਦ ਵਿਉਂਤਪਤ ਨਹੀਂ ਕੀਤਾ ਜਾਂਦਾ ਸਗੋਂ ਇੱਕ ਸ਼ਬਦ ਨਾਲ਼ ਪਿਛੇਤਰ ਲਗਾ ਕੇ ਉਸ ਦੇ ਪ੍ਰਕਾਰਜ ਨੂੰ ਵਿਸਥਾਰਤ ਕੀਤਾ ਜਾਂਦਾ ਹੈ :

ਕਰ ਤੋਂ ਕਰਨਾ; ਜਾ ਤੋਂ ਜਾਣਾ; ਕਰ ਤੋਂ ਕਰੋ; ਜਾ ਤੋਂ ਜਾਓ; ਉੱਠ ਤੋਂ ਉੱਠੋ।

ਰੂਪਾਂਤਰੀ ਸ਼ਬਦ ਰਚਨਾ ਵਿੱਚ ਸਿਰਫ਼ ਪਿਛੇਤਰਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਰੂਪਾਂਤਰੀ ਸ਼ਬਦ ਰਚਨਾ ਵਿੱਚ ਨਵੇਂ ਸ਼ਬਦਾਂ ਦਾ ਨਿਰਮਾਣ ਨਹੀਂ ਕੀਤਾ ਜਾਂਦਾ ਸਗੋਂ ਸਰੋਤ ਸ਼ਬਦ ਨਾਲ਼ ਪਿਛੇਤਰ ਜੋੜ ਕੇ ਉਸ ਦੇ ਪ੍ਰਕਾਰਜੀ ਸਰੂਪ ਵਿੱਚ ਵਾਧਾ ਕੀਤਾ ਜਾਂਦਾ ਹੈ।

ਕਰਾਂ=ਕਰ+ਆਂ; ਜਾਈਂ=ਜਾ+ਈਂ; ਮਾਰੋ=ਮਾਰ+ਓ

ਇਨ੍ਹਾਂ ਸ਼ਬਦਾਂ ਵਿੱਚ 'ਕਰਾਂ, ਜਾਈਂ, ਮਾਰੋ' ਰੂਪਾਂਤਰੀ ਸ਼ਬਦ ਹਨ ਜੋ ਕ੍ਰਮਵਾਰ 'ਕਰ, ਜਾ, ਮਾਰ' ਨਾਲ਼ 'ਆਂ, ਈਂ, ਓ' ਪਿਛੇਤਰ ਜੋੜ ਕੇ ਬਣਾਏ ਗਏ ਹਨ। ਦਰਅਸਲ ਇਹ ਨਵੇਂ ਸ਼ਬਦ ਨਹੀਂ ਹਨ ਸਗੋਂ ਆਪਣੇ ਸਰੋਤ ਸ਼ਬਦ ਦਾ ਪ੍ਰਕਾਰਜੀ ਵਿਸਥਾਰ ਹੀ ਕਰਦੇ ਹਨ।

**2.3. ਸਮਾਸੀ ਸ਼ਬਦ :** ਸਮਾਸੀ ਸ਼ਬਦ ਰਚਨਾ ਸ਼ਬਦ ਸਿਰਜਣਾ ਦੀ ਅਹਿਮ ਜੁਗਤ ਹੈ। ਜਿੱਥੇ ਵਿਉਂਤਪਤ ਅਤੇ ਰੂਪਾਂਤਰੀ ਸ਼ਬਦ ਰਚਨਾ ਵਿੱਚ ਸ਼ਬਦ ਸਿਰਜਣ 'ਧਾਤੂ + ਵਧੇਤਰ' ਦੇ ਸੁਮੇਲ ਰਾਹੀਂ ਹੁੰਦੀ ਹੈ, ਉੱਥੇ ਸਮਾਸੀ ਸ਼ਬਦ ਰਚਨਾ 'ਧਾਤੂ+ਧਾਤੂ' ਦੇ ਸੁਮੇਲ ਰਾਹੀਂ ਹੁੰਦੀ ਹੈ। ਅਰਥਾਤ ਸਮਾਸੀ ਸ਼ਬਦ ਸਿਰਜਣਾ ਵਿੱਚ ਦੋ ਧਾਤੂ ਮਿਲ ਕੇ ਨਵੇਂ ਸ਼ਬਦ ਦਾ ਨਿਰਮਾਣ ਕਰਦੇ ਹਨ। ਜਿਵੇਂ 'ਲੋਕਸਭਾ' ਵਿੱਚ 'ਲੋਕ' ਅਤੇ 'ਸਭਾ' ਦੋ ਧਾਤੂਆਂ ਦੇ ਸੁਮੇਲ ਰਾਹੀਂ 'ਲੋਕਸਭਾ' ਸ਼ਬਦ ਦਾ ਨਿਰਮਾਣ ਹੁੰਦਾ ਹੈ। ਇਸੇ ਤਰ੍ਹਾਂ

ਕਰਮ+ਯੋਗੀ=ਕਰਮਯੋਗੀ; ਧਰਮ+ਯੁੱਧ=ਧਰਮਯੁੱਧ; ਰਣ+ਭੂਮੀ=ਰਣਭੂਮੀ

Dr. Swami Sarabjeet

**ਸ਼ਬਦਾਂ ਦੇ ਵਿਭਿੰਨ ਪ੍ਰਕਾਰ ਵੱਖ ਵੱਖ ਆਧਾਰਾਂ 'ਤੇ ਇਸ ਪ੍ਰਕਾਰ ਸਾਹਮਣੇ ਆਉਂਦੇ ਹਨ :**

**ਰੂਪ ਦੇ ਪੱਖ ਤੋਂ**

**(ੳ) ਵਿਕਾਰੀ ਸ਼ਬਦ (ਪਰਵਰਤਨਸ਼ੀਲ)** : ਉਹ ਸ਼ਬਦ ਜਿਹੜੇ ਲਿੰਗ, ਵਚਨ, ਕਾਰਕ, ਕਾਲ, ਵਾਚ, ਪੱਖ, ਮੂਡ ਆਦਿ ਦੇ ਮੁਤਾਬਿਕ ਬਦਲ ਜਾਂਦੇ ਹਨ ਜਿਵੇਂ ਕਿ ਘੋੜਾ, ਚੰਗਾ, ਕਰ, ਜਾ ਆਦਿ

**(ਅ) ਅਵਿਕਾਰੀ ਸ਼ਬਦ ਰਚਨਾ (ਅਪਰਵਰਤਨਸ਼ੀਲ)** : ਉਹ ਸ਼ਬਦ ਜਿਹੜੇ ਲਿੰਗ, ਵਚਨ, ਕਾਰਕ, ਕਾਲ, ਵਾਚ, ਪੱਖ, ਮੂਡ ਆਦਿ ਦੇ ਮੁਤਾਬਿਕ ਨਹੀਂ ਬਦਲਦੇ ਜਿਵੇਂ ਲਾਲ, ਸੁਰਖ, ਤੇਜ਼ ਆਦਿ।

**ਵਿਉਤਪਤੀ ਦੇ ਪੱਖ ਤੋਂ**

**(ੳ) ਰੂੜ੍ਹ ਸ਼ਬਦ** : ਰੂੜ੍ਹ ਸ਼ਬਦ 'ਸੁਤੰਤਰ ਸ਼ਬਦ' ਹੁੰਦੇ ਹਨ। ਇਹ ਅਜਿਹੇ ਮੂਲ ਸ਼ਬਦ ਹੁੰਦੇ ਹਨ, ਜਿਨ੍ਹਾਂ ਨਾਲ਼ ਵਧੇਤਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਜਿਵੇਂ ਕਿ ਖਾ, ਪੜ੍ਹ, ਜਾ, ਰਹਿ ਆਦਿ।

**(ਅ) ਯੋਗਿਕ ਸ਼ਬਦ** : ਜਿਹੜੇ ਸ਼ਬਦ ਦੋ ਮੂਲ ਸ਼ਬਦਾਂ ਦੇ ਸੰਯੋਗ ਤੋਂ ਬਣਾਏ ਜਾਣ, ਉਨ੍ਹਾਂ ਨੂੰ ਯੋਗਿਕ ਸ਼ਬਦ ਆਖਦੇ ਹਨ। ਇਸ ਤੋਂ ਇਲਾਵਾ ਅਜਿਹੇ ਸ਼ਬਦ ਜੋ ਸਮਾਜ ਵਿਧੀ ਦੁਆਰਾ ਸਿਰਜੇ ਜਾਣ, ਉਨ੍ਹਾਂ ਨੂੰ 'ਯੋਗਿਕ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ ਕਿ

ਸਿਰ+ਦਰਦ =ਸਿਰਦਰਦ; ਲੋਕ+ਸਭਾ=ਲੋਕਸਭਾ ਆਦਿ।

ਯੋਗਿਕ ਸ਼ਬਦਾਂ ਵਿਚਲੇ ਦੋਵੇਂ ਮੂਲ ਸ਼ਬਦ ਵੱਖੋ–ਵੱਖਰੇ ਅਰਥਾਂ ਦੇ ਧਾਰਨੀ ਹੁੰਦੇ ਹਨ ਪਰ ਜਦੋਂ ਇਹ ਯੋਗਿਕ ਸ਼ਬਦ ਬਣ ਜਾਂਦਾ ਹੈ ਤਾਂ ਜੜੁੱਤ ਰੂਪ ਵਿੱਚ ਇੱਕ ਨਵੇਂ ਸ਼ਬਦ ਰਾਹੀਂ ਇੱਕ ਪਰਟੀਕੁਲਰ ਅਰਥ ਦੀ ਸਿਰਜਣਾ ਕਰਦਾ ਹੈ ਜਿਵੇਂ ਕਿ ਸਿਰ (ਸਰੀਰਕ ਅੰਗ) ਅਤੇ ਦਰਦ (ਪੀੜ) ਵੱਖੋ–ਵੱਖ ਅਰਥਾਂ ਦੇ ਧਾਰਨੀ ਹਨ ਪਰ ਜੜੁੱਤ ਰੂਪ ਵਿੱ 'ਸਿਰਦਰਦ' ਪਰਟੀਕੁਲਰ ਉਸ ਦਰਦ ਲਈ ਵਰਤਿਆ ਜਾਂਦਾ ਹੈ ਜਿਹੜਾ ਕਿ ਕੇਵਲ ਤੇ ਕੇਵਲ ਸਿਰ ਵਿੱਚ ਹੁੰਦਾ ਹੈ।

**(ੲ) ਯੋਗ ਰੂੜ੍ਹ** : ਜਿਹੜੇ ਯੋਗਿਕ ਵੀ ਹੋਣ ਜਿਵੇਂ 'ਜਲਜ' (ਜਲ ਤੋਂ ਉਪਜਿਆ) ਸ਼ਬਦ ਪਰ ਇਹ ਸ਼ਬਦ ਨਾਲ਼ ਰੂੜ੍ਹ ਵੀ ਹੈ। ਇਹ ਸ਼ਬਦ ਕੇਵਲ 'ਕੰਵਲ' ਵਾਸਤੇ ਰੂੜ੍ਹ ਹੈ, ਜਲ ਤੋਂ ਉਪਜੀਆਂ ਬਾਕੀ ਵਸਤਾਂ ਲਈ ਨਹੀਂ।

**ਅਰਥ ਦੇ ਆਧਾਰ 'ਤੇ**

**(ੳ) ਸਮਾਨਾਰਥਕ ਸ਼ਬਦ** : ਸਮਾਨ ਅਰਥਾਂ ਦੇ ਧਾਰਨੀ ਸ਼ਬਦਾਂ ਨੂੰ 'ਸਮਾਨਾਰਥਕ ਸ਼ਬਦ' ਕਿਹਾ ਜਾਂਦਾ ਹੈ ਜਿਵੇਂ ਕਿ – ਸੋਹਣਾ/ਸੁੰਦਰ/ਮਨਮੋਹਕ/ਹਸੀਨ/ਖ਼ੂਬਸੂਰਤ; ਠੀਕ/ਸਹੀ/ਦਰੁਸਤ ਆਦਿ ਦੇ ਇੱਕੋ ਅਰਥ ਹਨ।

**(ਅ) ਵਿਰੋਧਾਰਥਕ ਸ਼ਬਦ** : ਵਿਰੋਧੀ ਅਰਥਾਂ ਦੇ ਧਾਰਨੀ ਸ਼ਬਦਾਂ ਨੂੰ 'ਵਿਰੋਧਾਰਥਕ ਸ਼ਬਦ' ਕਿਹਾ ਜਾਂਦਾ ਹੈ ਜਿਵੇਂ ਕਿ : ਉੱਚਾ–ਨੀਵਾਂ, ਗੋਰਾ–ਕਾਲ਼ਾ, ਪੁੱਠਾ–ਸਿੱਧਾ, ਦਿਨ–ਰਾਤ, ਛੋਟਾ–ਵੱਡਾ ਆਦਿ।

**(ੲ) ਵਰਗਾਰਥਕ ਸ਼ਬਦ** : ਇੱਕੋ ਵਰਗ ਨਾਲ਼ ਸਬੰਧਤ ਸਾਂਝੇ ਅਰਥਾਂ ਦੇ ਧਾਰਨੀ ਸ਼ਬਦ 'ਵਰਗਾਰਥਕ ਸ਼ਬਦ' ਹੁੰਦੇ ਹਨ। ਜਿਵੇਂ ਕਿ ਜਾਨਵਰ (ਗਾਂ, ਮੱਝ, ਕੁੱਤਾ, ਸ਼ੇਰ, ਹਾਥੀ); ਪੰਛੀ (ਚਿੜੀ, ਤੋਤਾ, ਗੁਟਾਰ, ਕਬੂਤਰ, ਘੁੱਗੀ ਆਦਿ), ਰਿਸ਼ਤੇਦਾਰ (ਮਾਂ, ਬਾਪ, ਭੈਣ, ਭਾਈ, ਚਾਚਾ, ਤਾਇਆ, ਮਾਮਾ ਆਦਿ)।

**(ਸ) ਬਹੁਅਰਥਕ ਸ਼ਬਦ** : ਜਿਹੜੇ ਸ਼ਬਦ ਇੱਕ ਤੋਂ ਵਧੇਰੇ ਅਰਥਾਂ ਦੇ ਧਾਰਨੀ ਹੁੰਦੇ ਹਨ, ਉਨ੍ਹਾਂ ਨੂੰ 'ਬਹੁਅਰਥਕ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ ਕਿ : ਵੱਟ (ਖੇਤ ਦੀ, ਕੱਪੜੇ ਦੀ, ਮੱਥੇ ਦੇ), ਸੂਰਤ (ਚਿਹਰਾ, ਸਥਿਤੀ), ਕੱਚਾ (ਅਣਪਕਿਆ, ਸਿਖਾਂਦਰੂ) ਆਦਿ।

**ਪ੍ਰਕਾਰਜ ਦੇ ਆਧਾਰ ਉੱਤੇ**

**(ੳ) ਅਰਥ ਪ੍ਰਕਾਰਜੀ ਸ਼ਬਦ** : ਜਿਹੜੇ ਸ਼ਬਦ ਵਾਕ ਵਿੱਚ ਅਰਥ ਪ੍ਰਕਾਰਜ ਦੀ ਪੱਧਰ ਉੱਤੇ ਦ੍ਰਿਸ਼ਟੀਗੋਚਰ ਹੁੰਦੇ ਹਨ, ਉਨ੍ਹਾਂ ਨੂੰ 'ਅਰਥ ਪ੍ਰਕਾਰਜੀ ਸ਼ਬਦ' ਕਹਿੰਦੇ ਹਨ। ਇਨ੍ਹਾਂ ਸ਼ਬਦਾਂ ਦੇ ਕੋਸ਼ਗਤ ਅਰਥ ਹੁੰਦੇ ਹਨ। ਇਨ੍ਹਾਂ ਸ਼ਬਦਾਂ ਦੇ ਅੰਤਰਗਤ – ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ ਸ਼ਬਦ ਸ਼ਰੇਣੀਆਂ ਆਉਂਦੀਆਂ ਹਨ।

**(ਅ) ਵਾਕ ਪ੍ਰਕਾਰਜੀ ਸ਼ਬਦ** : ਜਿਹੜੇ ਸ਼ਬਦ ਵਾਕ ਬਣਤਰ ਵਿੱਚ ਵਾਕ ਪ੍ਰਕਾਰਜ ਦੀ ਪੱਧਰ ਉੱਤੇ ਦ੍ਰਿਸ਼ਟੀਗੋਚਰ ਹੁੰਦੇ ਹਨ, ਭਾਵ ਵੇਖੇ ਜਾ ਸਕਦੇ ਹਨ, ਉਨ੍ਹਾਂ ਨੂੰ 'ਵਾਕ ਪ੍ਰਕਾਰਜੀ' ਸ਼ਬਦ ਕਹਿੰਦੇ ਹਨ। ਇਨ੍ਹਾਂ ਸ਼ਬਦਾਂ ਦੇ ਅੰਤਰਗਤ –ਸਬੰਧਕ, ਯੋਜਕ ਸ਼ਬਦ ਸ਼ਰੇਣੀਆਂ ਆਉਂਦੀਆਂ ਹਨ।

Dr. Swami Sarabjeet

**ਅਰਥ ਸਿਰਜਣਾ ਦੀ ਦ੍ਰਿਸ਼ਟੀ ਤੋਂ**

**(ੳ) ਵਾਚਕ :** ਵਾਚਕ ਸ਼ਬਦ ਆਮ, ਪ੍ਰਚਲਤ ਅਰਥਾਂ ਦਾ ਬੋਧ ਕਰਾਉਂਦੇ ਹਨ। ਜਿਵੇਂ ਕਿ 'ਸ਼ੇਰ ਇੱਕ ਜੰਗਲੀ ਮਾਸਾਹਾਰੀ ਜਾਨਵਰ ਹੈ।' ਵਾਕ ਵਿੱਚ 'ਸ਼ੇਰ' ਕੋਸ਼ਗਤ ਅਰਥਾਂ ਦਾ ਧਾਰਨੀ ਹੈ।

**(ਅ) ਲਕਸ਼ਕ :** ਲਕਸ਼ਕ ਸ਼ਬਦ, ਵਾਚਕ ਸ਼ਬਦ ਦੇ ਕੋਸ਼ਗਤ ਅਰਥਾਂ ਤੋਂ ਅੱਗੇ ਲੱਖਣ ਲਾਉਣ ਦੀ ਪੱਧਰ ਤੱਕ ਕਾਰਜ ਕਰਦਾ ਹੈ। ਜਿਵੇਂ ਕਿ : 'ਰਾਮ ਸ਼ੇਰ ਵਰਗਾ ਹੈ।' ਵਾਕ ਵਿੱਚ 'ਸ਼ੇਰ' ਦੇ ਭਾਵ ਅਰਥ ਬਹਾਦਰੀ ਵਾਲ਼ੇ ਹਨ।

**(ੲ) ਵਿਅੰਜਕ :** ਜਦੋਂ ਸ਼ਬਦਾਂ ਰਾਹੀਂ ਵਿਅੰਗ ਦੀ ਸਿਰਜਣਾ ਕੀਤੀ ਜਾਂਦੀ ਹੈ। ਜਿਵੇਂ ਕਿ ਸਮੇਂ ਤੋਂ ਬਹੁਤ ਜ਼ਿਆਦਾ ਦੇਰੀ ਨਾਲ਼ ਅੱਪੜਨ ਵਾਲ਼ੇ ਸ਼ਖ਼ਸ਼ ਨੂੰ ਇਹ ਕਹਿਣਾ ਕਿ 'ਤੁਸੀਂ ਤਾਂ ਬਹੁਤ ਜਲਦੀ ਆ ਗਏ।' ਵਾਕ ਦੇ ਪੱਧਰ 'ਤੇ ਵਿਅੰਗ ਦੀ ਸਿਰਜਣਾ ਦਰਸਾ ਰਿਹਾ ਹੈ। ਇਵੇਂ ਹੀ ਜੇ ਕਿਸੇ ਨੂੰ ਇਹ ਕਹਿਣਾ ਕਿ 'ਉਹ ਤਾਂ ਗਧਾ ਹੈ।' ਇੱਥੇ 'ਗਧਾ' ਸ਼ਬਦ ਵਿਅੰਗ ਦਾ ਧਾਰਨੀ ਹੈ ਕਿਉਂਕਿ ਇੱਥੇ 'ਗਧਾ' ਹੋਣ ਦਾ ਭਾਵ ਅਰਥ 'ਮੂਰਖ' ਹੋਣਾ ਹੈ।

ਸੋ ਅਖ਼ੀਰ ਕਿਹਾ ਜਾ ਸਕਦਾ ਹੈ ਕਿ ਰੂਪ ਵਿਗਿਆਨ ਦੇ ਅੰਤਰਗਤ ਸ਼ਬਦ ਦੀ ਅੰਦਰੂਨੀ ਬਣਤਰ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਦੇ ਅੰਤਰਗਤ ਸ਼ਬਦ ਬਣਤਰ ਜਾਂ ਸ਼ਬਦ ਸੰਰਚਨਾ (Word Structure) ਅਤੇ ਸ਼ਬਦ ਰਚਨਾ (Word Formation) ਨੂੰ ਵਿਚਾਰਦਿਆਂ 'ਸ਼ਬਦ' ਨਾਲ਼ ਜੁੜੀਆਂ ਸਾਰੀਆਂ ਤੰਦਾਂ ਨੂੰ ਛੋਹਿਆ ਜਾਂਦਾ ਹੈ।

Dr. Swami Sarabjeet